# ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ ਡਿਪੂ

## ਖੁੱਲੀ ਬੋਲੀ ਨੋਟਿਸ ਮਿਤੀ 21.09.2023

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਨਵੇਂ ਬੱਸ ਸਟੈਂਡ ਪਟਿਆਲਾ ਵਿਖੇ ਸਥਿਤ **ਆਟੋ ਰਿਕਸ਼ਾ/ਕਾਰ ਪਾਰਕਿੰਗ (ਗਰਾਊਂਡ ਫਲੋਰ) ਅਤੇ ਦੁਕਾਨ ਨੰ. 7,8 ਨੂੰ (6 ਮਹੀਨੇ ਲਈ)** ਅਤੇ ਸਾਇਕਲ/ਸਕੂਟਰ ਸਟੈਂਡ (3 **ਮਹੀਨੇ** ਲਈ) ਲਾਇਸੈਂਸ ਦੇ ਆਧਾਰ ਤੇ ਦੇਣ ਵਾਸਤੇ **ਪੀ.ਆਰ.ਟੀ.ਸੀ ਮੁੱਖ ਦਫਤਰ ਪਟਿਆਲਾ** ਵਿਖੇ ਖੁੱਲੀ ਬੋਲੀ ਹੇਠ ਅਨੁਸਾਰ ਰੱਖੀ ਗਈ ਹੈ ।

| ਲੜੀ ਨੰ. | ਮੰਤਵ (1) | ਮਿਤੀ (2) | ਸਮਾਂ (3) | ਐਂਟਰੀ ਫੀਸ ਪ੍ਰਤੀ ਦੁਕਾਨ (ਨਾ-ਮੋੜਨਯੋਗ) (4) | ਅਰਨਸਟ ਮਨੀ ਪ੍ਰਤੀ ਦੁਕਾਨ (ਮੋੜਨਯੋਗ) (5) |
|---|---|---|---|---|---|
| 1 | **ਦੁਕਾਨਾਂ 7,8 ਕੇਵਲ ਦਿਵਿਆਂਗਜਨ ਲਈ** | 21.09.2023 | ਦੁਪਹਿਰ 12.00 ਵਜੇ | 500/- | 20000/- |
| 2 | **ਆਟੋ ਰਿਕਸ਼ਾ/ ਕਾਰ ਪਾਰਕਿੰਗ(ਗਰਾਊਂਡ ਫਲੋਰ)** | 21.09.2023 | ਦੁਪਹਿਰ 12.00 ਵਜੇ | 1000/- | 50000/- |
| 3 | ਸਾਇਕਲ/ਸਕੂਟਰ ਸਟੈਂਡ ਬੇਸਮੈਂਟ | 21.09.2023 | ਦੁਪਹਿਰ 12.00 ਵਜੇ | 1000/- | 50000/- |

ਉਪਰੋਕਤ ਅਨੁਸਾਰ ਬੋਲੀ ਦੀ ਐਂਟਰੀ ਫੀਸ ਦੀ ਪਰਚੀ ਕੱਟਣ ਦਾ ਸਮਾਂ ਸਵੇਰੇ 10.00 ਵਜੇ ਤੋਂ 11.00 **ਵਜੇ** ਤੱਕ ਦਾ ਹੋਵੇਗਾ । ਚਾਹਵਾਨ ਵਿਅਕਤੀ ਬੋਲੀ ਵਿਚ ਹਿੱਸਾ ਲੈਣ ਲਈ ਐਂਟਰੀ ਫੀਸ (ਖਾਨਾ ਨੰ.4 ਜੋ ਨਾ ਮੋੜਨਯੋਗ) ਅਤੇ ਅਰਨਸਟ ਮਨੀ ਬਤੌਰ ਬਿਆਨੇ ਦੀ ਰਕਮ (ਖਾਨਾ ਨੰ.5 ਮੋੜਨਯੋਗ) ਜਮ੍ਹਾਂ ਕਰਵਾਕੇ ਹਿੱਸਾ ਲੈ ਸਕਦੇ ਹਨ। ਸਭ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਕਾਰ ਨੂੰ ਮੁੱਖ ਦਫਤਰ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਇਕ ਹਫਤੇ ਵਿੱਚ ਦੁਕਾਨਾਂ/ਆਟੋ ਰਿਕਸ਼ਾ/ਕਾਰ ਪਾਰਕਿੰਗ ਅਤੇ ਸਾਇਕਲ/ਸਕੂਟਰ ਸਟੈਂਡ ਦਾ ਕਬਜਾ ਲੈਣ ਤੋਂ ਪਹਿਲਾਂ ਤਿੰਨ ਮਹੀਨੇ ਦੀ ਲਾਇਸੈਂਸੀ ਫੀਸ ਸਮੇਤ ਟੈਕਸ +ਪਾਣੀ/ਬਿਜਲੀ ਦੇ ਖਰਚੇ ਬਰਾਬਰ ਦੀ ਰਕਮ ਬਤੌਰ ਸਕਿਊਰਟੀ ਜਮ੍ਹਾਂ ਕਰਵਾਉਣੀ ਹੋਵੇਗੀ। ਸਭ ਤੋਂ ਵੱਧ ਬੋਲੀ ਦੇਣ ਵਾਲੇ /ਸਫਲ ਬੋਲੀਕਾਰ ਨੂੰ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਦੁਕਾਨਾਂ, ਆਟੋ ਰਿਕਸ਼ਾ/ਕਾਰ ਪਾਰਕਿੰਗ(ਗਰਾਊਂਡ ਫਲੋਰ)(06 ਮਹੀਨੇ ਲਈ) ਅਤੇ ਸਾਇਕਲ/ਸਕੂਟਰ ਸਟੈਂਡ ਬੇਸਮੈਂਟ (03 ਮਹੀਨੇ ਲਈ) ਦਿੱਤਾ ਜਾਵੇਗਾ। ਸਫਲ ਬੋਲੀਕਾਰ ਨਾਲ ਕੀਤਾ ਹੋਇਆ ਇਕਰਾਰਨਾਮਾ ਪਹਿਲੀ ਧਿਰ ਭਾਵ ਜੀ. ਐੱਮ. ਪੀ. ਆਰ. ਟੀ.ਸੀ. ਕਿਸੇ ਵੀ ਸਮੇਂ ਇੱਕ ਮਹੀਨੇ ਦਾ ਨੋਟਿਸ ਲਾਇਸੰਸੀ ਨੂੰ ਦੇ ਕੇ ਦੁਕਾਨਾਂ/ਆਟੋ ਰਿਕਸ਼ਾ/ਕਾਰ ਪਾਰਕਿੰਗ ਅਤੇ ਸਾਇਕਲ/ਸਕੂਟਰ ਸਟੈਂਡ ਬੇਸਮੈਂਟ ਖਾਲੀ ਕਰਵਾ ਸਕਦਾ ਹੈ।

ਇਸ ਬੋਲੀ ਸਬੰਧੀ ਸ਼ਰਤਾਂ ਮੌਕੇ ਉਪਰ ਵੀ ਸੁਣਾਈਆਂ ਜਾਣਗੀਆਂ। ਇਸ ਤੋਂ ਇਲਾਵਾ ਇਹ ਸ਼ਰਤਾਂ ਕਿਸੇ ਵੀ ਕੰਮ ਵਾਲੇ ਦਿਨ ਪੀ.ਆਰ.ਟੀ.ਸੀ. ਪਟਿਆਲਾ ਡਿਪੂ ਸਰਹਿੰਦੀ ਗੇਟ ਦੇ ਦਫਤਰ ਵਿਖੇ ਦੇਖੀਆਂ/ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਬੋਲੀ ਸਬੰਧੀ ਜਾਣਕਾਰੀ ਪੀ.ਆਰ.ਟੀ.ਸੀ. ਪਟਿਆਲਾ ਡਿਪੂ ਦੇ ਟੈਲੀਫੋਨ ਨੰ. 01752311719 ਅਤੇ ਇਸ ਤੋਂ ਇਲਾਵਾ ਬੋਲੀ ਸਬੰਧੀ ਜਾਣਕਾਰੀ ਪੀ.ਆਰ.ਟੀ.ਸੀ. ਦੀ ਵੈਬਸਾਇਟ **www.pepsurtc.com** ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

**ਨੋਟ:- (ਦੁਕਾਨ ਨੰ.7ਅਤੇ 8 ਕੇਵਲ ਦਿਵਿਆਂਗਜਨ ਲਈ)**

ਜਨਰਲ ਮੈਨੇਜਰ,
ਪੀ.ਆਰ.ਟੀ.ਸੀ.
ਪਟਿਆਲਾ ਡਿਪੂ।